# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
# ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਸਸਅ/ਮੀਡੀਆ/2010/23198-23217
ਮਿਤੀ ਚੰਡੀਗੜ੍ਹ 02.02.2010

**ਵਿਸ਼ਾ: ਪ੍ਰਗਤੀ ਰਿਪੋਰਟ ਕਾਰਡ ਭਰਨ ਸਬੰਧੀ।**

**ਹਵਾਲਾ: ਸਸਅ/ਮੀਡੀਆ/2009/42593-42612 ਮਿਤੀ ਚੰਡੀਗੜ੍ਹ 25 ਮਈ 2009, ਸਸਅ/ਮੀਡੀਆ/2009/53101-120 ਮਿਤੀ ਚੰਡੀਗੜ੍ਹ 16.7.09, ਸਸਅ/ਮੀਡੀਆ/2009/69187-69207 ਮਿਤੀ ਚੰਡੀਗੜ੍ਹ 23.09.09 ਅਤੇ ਸਸਅ/ਮੀਡੀਆ/2009/72157-72176 ਮਿਤੀ ਚੰਡੀਗੜ੍ਹ 16.10.09।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਬੱਚਿਆਂ ਦੀ ਪ੍ਰਗਤੀ ਜਾਣਨ ਲਈ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵੱਲੋਂ ਇਹ ਨਿਰਣਾ ਲਿਆ ਗਿਆ ਸੀ ਕਿ ਬੱਚਿਆਂ ਦਾ ਮੁਲ-ਅੰਕਣ ਸਮੇਂ ਸਮੇਂ ਸਿਰ ਕੀਤਾ ਜਾਵੇ ਅਤੇ ਇਸ ਮੁਲ ਅੰਕਣ ਨੂੰ ਇੱਕ ਪ੍ਰਗਤੀ ਕਾਰਡ ਵਿੱਚ ਚੰਗੀ ਤਰ੍ਹਾਂ ਲਿਖਣ ਉਪਰੰਤ ਬੱਚੇ ਦੇ ਮਾਤਾ-ਪਿਤਾ ਤੋਂ ਵੀ ਦਸਤਖ਼ਤ ਕਰਵਾਏ ਜਾਇਆ ਕਰਨ। ਸਰਕਾਰ ਵੱਲੋਂ ਇਹਨਾਂ ਪ੍ਰਗਤੀ ਕਾਰਡਾਂ ਦੀ ਛਪਾਈ ਤੇ ਕਾਫ਼ੀ ਪੈਸਾ ਇਸ ਉਦੇਸ਼ ਨਾਲ ਖਰਚ ਕੀਤਾ ਗਿਆ ਹੈ ਕਿ ਬੱਚਿਆਂ ਦੀ ਅਕਾਦਮਿਕ ਅਤੇ ਸਹਿ ਵਿੱਦਿਅਕ ਸਰਗਰਮੀਆਂ ਨੂੰ ਚੰਗੀ ਤਰ੍ਹਾਂ ਅਧਿਆਪਕ ਅਤੇ ਬੱਚਿਆਂ ਦੇ ਮਾਤਾ ਪਿਤਾ ਵੱਲੋਂ ਮੁਨੀਟਰ ਕੀਤਾ ਜਾ ਸਕੇ। ਪਰੰਤੂ ਬੜ੍ਹੇ ਅਫ਼ਸੋਸ ਦੀ ਗੱਲ ਹੈ ਕਿ ਆਪ ਜੀ ਵੱਲੋਂ ਬਹੁਤ ਸਾਰੇ ਪ੍ਰਗਤੀ ਕਾਰਡ ਜਾਂ ਤਾਂ ਸਕੂਲਾਂ ਵਿੱਚ ਪਹੁੰਚਾਏ ਹੀ ਨਹੀਂ ਗਏ ਹਨ ਜਾਂ ਫਿਰ ਅਧਿਆਪਕਾਂ ਵੱਲੋਂ ਅਜੇ ਵੀ ਇਹਨਾਂ ਪ੍ਰਗਤੀ ਕਾਰਡਾਂ ਨੂੰ ਚੰਗੀ ਤਰ੍ਹਾਂ ਭਰਿਆ ਨਹੀਂ ਗਿਆ ਅਤੇ ਨਾ ਹੀ ਬੱਚਿਆਂ ਦੇ ਮਾਂ ਬਾਪ ਤੋਂ ਕੋਈ ਦਸਤਖ਼ਤ ਕਰਵਾਏ ਗਏ ਹਨ।

3.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਇਹ ਯਕੀਨੀ ਬਣਾਇਆ ਜਾਵੇ ਕਿ ਪ੍ਰਗਤੀ ਕਾਰਡਾਂ ਨੂੰ ਠੀਕ ਤਰੀਕੇ ਨਾਲ ਵਰਤਿਆ ਜਾਵੇ। ਇਸ ਸਬੰਧ ਵਿੱਚ ਕੀਤੀ ਗਈ ਕਾਰਵਾਈ ਦੀ ਰਿਪੋਰਟ ਤੁਰੰਤ ਇਸ ਦਫ਼ਤਰ ਨੂੰ ਭੇਜੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**